# ਸੰਘੀ ਚੋਣਾਂ ਲਈ ਗਾਈਡ




ਵੋਟ ਪਾਉਣ ਅਤੇ ਸਿਹਤ ਅਤੇ ਸੁਰੱਖਿਆ ਦੇ ਲਾਗੂ ਉਪਾਵਾਂ ਬਾਰੇ ਅਧਿਕਾਰਤ ਜਾਣਕਾਰੀ ਲਈ **elections.ca** 'ਤੇ ਜਾਓ

**1-800-463-6868 / elections.ca / TTY 1-800-361-8935**

Elections Canada

EC 90332-PNJ (02/2021)

# ਤੁਹਾਡੀ ਸਿਹਤ ਅਤੇ ਸੁਰੱਖਿਆ ਸਾਡੀ ਤਰਜੀਹ ਹੈ


## ਤੁਹਾਡੇ ਪੋਲਿੰਗ ਸਟੇਸ਼ਨ ਤੇ, ਪੋਲ ਕਰਮਚਾਰੀਆਂ ਨੇ ਮਾਸਕ ਪਾਏ ਹੋਣਗੇ। ਉੱਥੇ ਇਹ ਵੀ ਹੋਣਗੇ:



ਹੈਂਡ ਸੈਨੀਟਾਈਜ਼ਰ ਸਟੇਸ਼ਨ




ਸਪਸ਼ਟ ਸਰੀਰਕ ਦੂਰੀ ਦੇ ਨਿਸ਼ਾਨ



ਪਲੈਕਸਿਗਲਾਸ ਬੈਰੀਅਰ ਦੇ ਪਿੱਛੇ ਪ੍ਰਤੀ ਡੈਸਕ ਇੱਕ ਪੋਲ ਵਰਕਰ


## ਜਦੋਂ ਤੁਸੀਂ ਵੋਟ ਪਾਉਣ ਜਾਓ, ਤਾਂ ਇਹ ਨਾ ਭੁੱਲੋ:



ਮਾਸਕ ਪਹਿਨੋ



ਅਸੀਂ ਤੁਹਾਡੇ ਬੈਲਟ 'ਤੇ ਨਿਸ਼ਾਨ ਲਗਾਉਣ ਲਈ ਤੁਹਾਨੂੰ ਇੱਕ ਵਾਰ ਵਰਤੋਂ ਵਾਲੀ ਪੈਨਸਿਲ ਪ੍ਰਦਾਨ ਕਰਾਂਗੇ, ਜਾਂ ਤੁਸੀਂ ਆਪਣੀ ਖੁਦ ਪੈਨ ਜਾਂ ਪੈਨਸਿਲ ਲਿਆ ਸਕਦੇ ਹੋ।





ਵੋਟਰਾਂ ਅਤੇ ਪੋਲ ਵਰਕਰਾਂ ਤੋਂ ਘੱਟੋ ਘੱਟ ਦੋ ਮੀਟਰ ਦੀ ਦੂਰੀ ਤੇ ਰਹਿ ਕੇ ਸਰੀਰਕ ਦੂਰੀ ਦਾ ਪਾਲਣ ਕਰੋ

**ਜੇ ਤੁਸੀਂ ਕੋਵਿਡ-19 ਲਈ ਪੌਜ਼ਿਟਿਵ ਟੈਸਟ ਹੋਏ ਹੋ ਜਾਂ ਜੇ ਤੁਹਾਨੂੰ ਉਸਦੇ ਲੱਛਣ ਹਨ, ਜਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ ਜਿਸ ਨੂੰ ਵਾਇਰਸ ਹੈ, ਤਾਂ ਡਾਕ ਦੁਆਰਾ ਵੋਟ ਪਾਉਣ ਲਈ ਅਰਜ਼ੀ ਦੇਣ ਲਈ www.elections.ca 'ਤੇ ਜਾਓ।**

---

ਇਹ ਬ੍ਰੋਸ਼ਰ **elections.ca** 'ਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।
ਹੋਰ ਫਾਰਮੈਟਾਂ ਜਿਵੇਂ ਕਿ ਬ੍ਰੇਲ, ਵੱਡੀ ਛਪਾਈ ਅਤੇ DAISY ਲਈ, ਸਾਨੂੰ **1-800-463-6868** 'ਤੇ ਜਾਂ **1-800-361-8935 (TTY)** 'ਤੇ ਕਾਲ ਕਰੋ।

# ਇਹ ਸੁਨਿਸ਼ਚਿਤ ਕਰੋ ਕਿ ਵੋਟਰ ਇੰਫਰਮੇਸ਼ਨ ਕਾਰਡ ਪ੍ਰਾਪਤ ਕਰਨ ਲਈ ਤੁਸੀਂ ਰਜਿਸਟਰਡ ਹੋ




**ਜੇ ਤੁਸੀਂ ਰਜਿਸਟਰ ਹੋਏ ਹੋ**, ਤਾਂ ਚੋਣਾਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਤੁਹਾਨੂੰ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਹੋਣਾ ਚਾਹੀਦਾ ਹੈ। ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ। ਵੋਟਿੰਗ ਪ੍ਰਕਿਰਿਆ ਨੂੰ ਸੌਖਾ ਬਣਾਉਣ ਲਈ, ਸਵੀਕਾਰ ਕੀਤੀ ਆਈਡੀ ਦੇ ਨਾਲ ਕਾਰਡ ਲਿਆਓ।

**ਜੇ ਤੁਹਾਨੂੰ ਕੋਈ ਕਾਰਡ ਨਹੀਂ ਮਿਲਦਾ ਹੈ, ਜਾਂ ਜੇ ਇਸ ਉੱਤੇ ਦਿੱਤੀ ਜਾਣਕਾਰੀ ਸਹੀ ਨਹੀਂ ਹੈ,** ਤਾਂ ਹੋ ਸਕਦਾ ਹੈ ਤੁਸੀਂ ਰਜਿਸਟਰ ਨਾ ਹੋਏ ਹੋਵੋ ਜਾਂ ਤੁਹਾਡੀ ਵੋਟਰ ਜਾਣਕਾਰੀ ਨਵੀਨਤਮ ਨਾ ਹੋਵੇ। ਆਪਣੇ ਪਤੇ ਨੂੰ ਰਜਿਸਟਰ ਕਰਨ ਜਾਂ ਅਪਡੇਟ ਕਰਨ ਲਈ **elections.ca** 'ਤੇ ਜਾਓ, ਜਾਂ ਸਹਾਇਤਾ ਲਈ ਸਾਨੂੰ **1-800-463-6868** ਜਾਂ **1-800-361-8935 (TTY)** 'ਤੇ ਕਾਲ ਕਰੋ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਤੁਸੀਂ ਉੱਥੇ ਵੀ ਆਪਣੀ ਵੋਟਰ ਜਾਣਕਾਰੀ ਨੂੰ ਰਜਿਸਟਰ ਜਾਂ ਅਪਡੇਟ ਕਰ ਸਕਦੇ ਹੋ।

## ਸੰਘੀ ਚੋਣਾਂ ਵਿੱਚ ਰਜਿਸਟਰ ਕਰਨ ਅਤੇ ਵੋਟ ਪਾਉਣ ਲਈ ਤੁਹਾਡੇ ਲਈ ਇਹ ਲਾਜ਼ਮੀ ਹੈ:

- ਕੈਨੇਡਾ ਦੇ ਨਿਵਾਸੀ ਹੋਵੋ
- ਚੋਣਾਂ ਦੇ ਦਿਨ ਨੂੰ ਘੱਟੋ-ਘੱਟ 18 ਸਾਲ ਦੇ ਹੋਵੋ
- ਆਪਣੀ ਪਛਾਣ ਅਤੇ ਪਤੇ ਨੂੰ ਸਾਬਿਤ ਕਰੋ

# ਵੋਟ ਪਾਉਣ ਦੇ ਤਰੀਕੇ

**ਤੁਸੀਂ ਚੋਣ ਮਿਆਦ ਦੇ ਦੌਰਾਨ ਤਕਰੀਬਨ ਕਿਸੇ ਵੀ ਸਮੇਂ 'ਤੇ ਵੋਟ ਪਾ ਸਕਦੇ ਹੋ।**
ਅਜਿਹਾ ਵੋਟਿੰਗ ਵਿਕਲਪ ਚੁਣੋ ਜੋ ਤੁਹਾਡੇ ਲਈ ਸਭ ਤੋਂ ਵਧੀਆ ਕੰਮ ਕਰਦਾ ਹੈ।

## 1 ਚੋਣਾਂ ਦੇ ਦਿਨ ਨੂੰ

ਤੁਹਾਡਾ ਨਿਯਤ ਕੀਤਾ ਪੋਲਿੰਗ ਸਟੇਸ਼ਨ 12 ਘੰਟਿਆਂ ਲਈ ਖੁੱਲ੍ਹਾ ਰਹੇਗਾ
(ਸੂਬੇ ਮੁਤਾਬਕ ਸਮੇਂ ਬਦਲ ਸਕਦੇ ਹਨ)।

## 2 ਅਗਾਉਂ ਚੋਣਾਂ ਦੇ ਦਿਨਾਂ ਨੂੰ

ਤੁਹਾਡਾ ਨਿਯਤ ਕੀਤਾ ਪੋਲਿੰਗ ਸਟੇਸ਼ਨ ਚੋਣਾਂ ਦੇ ਦਿਨ ਤੋਂ ਪਹਿਲਾਂ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਸਵੇਰੇ 9 ਵਜੇ ਤੋਂ ਰਾਤ 9 ਵਜੇ ਤਕ ਖੁੱਲ੍ਹਾ ਰਹੇਗਾ।

ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ ਬਾਰੇ ਜਾਣਕਾਰੀ ਲਈ ਆਪਣਾ **ਵੋਟਰ ਇੰਫਰਮੇਸ਼ਨ ਕਾਰਡ** ਚੈਕ ਕਰੋ।

## 3 ਡਾਕ ਰਾਹੀਂ

ਚੋਣ ਦੇ ਦਿਨ ਤੋਂ ਪਹਿਲੇ ਮੰਗਲਵਾਰ ਸ਼ਾਮ 6:00 ਵਜੇ ਤੱਕ ਅਪਲਾਈ ਕਰੋ। ਤੁਸੀਂ ਵਿਸ਼ੇਸ਼ ਬੈਲਟ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ ਵੋਟ ਕਰੋਗੇ। ਇਹ ਸੁਨਿਸ਼ਚਿਤ ਕਰੋ ਕਿ ਸਾਨੂੰ ਤੁਹਾਡੇ ਨਿਸ਼ਾਨੇ ਵਾਲਾ ਬੈਲਟ ਚੋਣ ਦੇ ਦਿਨ ਤਕ ਪ੍ਰਾਪਤ ਹੋਵੇ, ਨਹੀਂ ਤਾਂ ਇਸਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਮੇਂ ਸੀਮਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਅਤੇ ਇਹ ਵੇਖਣ ਲਈ ਕਿ ਕੀ ਡਾਕ ਦੁਆਰਾ ਵੋਟ ਪਾਉਣੀ ਤੁਹਾਡੇ ਲਈ ਸਹੀ ਚੋਣ ਹੈ, elections.ca 'ਤੇ ਜਾਓ।

## 4 ਕੈਨੇਡਾ ਭਰ ਵਿੱਚ ਕਿਸੇ ਇਲੈਕਸ਼ਨਜ਼ ਕੈਨੇਡਾ ਆਫਿਸ ਵਿਖੇ

ਚੋਣਾਂ ਦੇ ਦਿਨ ਨੂੰ ਸ਼ਾਮ 6 ਵਜੇ ਤੋਂ ਪਹਿਲਾਂ ਮੰਗਲਵਾਰ ਤੋਂ ਪਹਿਲਾਂ ਕਿਸੇ ਇਲੈਕਸ਼ਨਜ਼ ਕੈਨੇਡਾ ਦਫਤਰ ਵਿਖੇ ਜਾਓ। ਤੁਸੀਂ ਖਾਸ ਬੈਲਟ ਪ੍ਰਕਿਰਿਆ ਦੀ ਵਰਤੋਂ ਕਰਕੇ ਵੋਟ ਪਾਓਗੇ। ਚੋਣਾਂ ਐਲਾਨ ਕੀਤੇ ਜਾਣ ਤੋਂ ਬਾਅਦ, **elections.ca** 'ਤੇ ਜਾਓ ਜਾਂ ਆਪਣੇ ਨਜ਼ਦੀਕ **ਇਲੈਕਸ਼ਨਜ਼ ਕੈਨੇਡਾ** ਦੇ ਦਫ਼ਤਰ ਦਾ ਪਤਾ ਲਗਾਉਣ ਲਈ ਸਾਨੂੰ ਕਾਲ ਕਰੋ।

ਜਦੋਂ ਤੁਸੀਂ ਡਾਕ ਰਾਹੀਂ ਜਾਂ ਇਲੈਕਸ਼ਨਜ਼ ਕੈਨੇਡਾ ਦੇ ਦਫ਼ਤਰ ਵਿਚ ਵੋਟ ਪਾਉਣ ਲਈ ਅਪਲਾਈ ਕਰ ਲੈਂਦੇ ਹੋ, ਤਾਂ ਇਹ **ਇਕੋ ਇਕ** ਰਸਤਾ ਹੈ ਜਿਸ ਨਾਲ ਤੁਸੀਂ ਇਸ ਚੋਣ ਵਿਚ ਵੋਟ ਪਾ ਸਕਦੇ ਹੋ।

# ਵੋਟ ਪਾਉਣ ਲਈ ਆਪਣੀ ਆਈਡੀ ਤਿਆਰ ਰੱਖੋ

## ਤੁਹਾਡੇ ਕੋਲ ਆਪਣੀ ਪਛਾਣ ਅਤੇ ਪਤੇ ਨੂੰ ਸਾਬਿਤ ਕਰਨ ਲਈ ਤਿੰਨ ਵਿਕਲਪ ਹੁੰਦੇ ਹਨ।

ਵੋਟ ਪਾਉਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਕਨੇਡੀਅਨ ਸਿਟੀਜ਼ਨ ਅਤੇ ਚੋਣ ਵਾਲੇ ਦਿਨ ਘੱਟੋ ਘੱਟ 18 ਸਾਲ ਦਾ ਹੋਣਾ ਚਾਹੀਦਾ ਹੈ।

**ਵਿਕਲਪ 1**



### ਪਛਾਣ ਦੇ ਇਹਨਾਂ ਦਸਤਾਵੇਜ਼ਾਂ ਵਿੱਚੋਂ ਇੱਕ ਦਿਖਾਓ

- ਤੁਹਾਡਾ ਡਰਾਈਵਰ ਦਾ ਲਾਇਸੈਂਸ
- ਤੁਹਾਡੀ ਫ਼ੋਟੋ, ਨਾਮ ਅਤੇ ਮੌਜੂਦਾ ਪਤੇ ਦੇ ਨਾਲ ਕੈਨੇਡਾ ਦੀ ਸਰਕਾਰ ਦੁਆਰਾ ਜਾਰੀ ਕੀਤਾ ਕੋਈ ਹੋਰ ਕਾਰਡ (ਸੰਘੀ, ਸੂਬਾਈ/ਖੇਤਰੀ ਜਾਂ ਸਥਾਨਕ)

**ਜਾਂ**

**ਵਿਕਲਪ 2**



+



### ਆਪਣੀ ਪਛਾਣ ਦੇ ਦੋ ਸਬੂਤ ਦਿਖਾਓ

ਦੋਵਾਂ 'ਤੇ ਤੁਹਾਡਾ ਨਾਮ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਘੱਟੋ-ਘੱਟ ਇੱਕ 'ਤੇ ਤੁਹਾਡਾ ਵਰਤਮਾਨ ਪਤਾ ਹੋਣਾ ਚਾਹੀਦਾ ਹੈ।

### ਉਦਾਹਰਨਾਂ:

- ਵੋਟਰ ਇੰਫਰਮੇਸ਼ਨ ਕਾਰਡ ਅਤੇ ਬੈਂਕ ਸਟੇਟਮੈਂਟ
- ਯੁਟਿਲਿਟੀ ਬਿੱਲ ਅਤੇ ਵਿਦਿਆਰਥੀ ਪਛਾਣ ਕਾਰਡ


### ਕੀ ਤੁਹਾਡੇ ਕੋਲ ਇਹ ਨਹੀਂ ਹਨ? ਕੋਈ ਗੱਲ ਨਹੀਂ!

ਸਵੀਕਾਰਯੋਗ ਪਛਾਣ ਦੇ ਹੋਰ ਦਸਤਾਵੇਜ਼ ਹਨ।


**elections.ca** 'ਤੇ ਪੂਰੀ ਸੂਚੀ ਦੇਖੋ

**ਜਾਂ**

**ਵਿਕਲਪ 3**



+



### ਜੇ ਤੁਹਾਡੇ ਕੋਲ ਪਛਾਣ ਦਾ ਸਬੂਤ ਨਹੀਂ ਹੈ

ਤੁਸੀਂ ਹਾਲੇ ਵੀ ਵੋਟ ਪਾ ਸਕਦੇ ਹੋ ਜੇਕਰ ਤੁਸੀਂ ਆਪਣੀ ਪਛਾਣ ਅਤੇ ਪਤੇ ਦਾ ਲਿਖਤੀ ਰੂਪ ਵਿੱਚ ਐਲਾਨ ਕਰਦੇ ਹੋ ਅਤੇ ਕੋਈ ਅਜਿਹਾ ਵਿਅਕਤੀ ਹੈ ਜੋ ਤੁਹਾਨੂੰ ਜਾਣਦਾ ਹੈ ਅਤੇ ਜਿਸ ਲਈ ਤੁਹਾਡਾ ਪੋਲਿੰਗ ਸਟੇਸ਼ਨ ਨਿਯਤ ਕੀਤਾ ਗਿਆ ਹੈ ਤੁਹਾਡੇ ਲਈ ਗਵਾਹੀ ਦਿੰਦਾ ਹੈ।

ਗਵਾਹੀ ਦੇਣ ਵਾਲਾ ਵਿਅਕਤੀ ਆਪਣੀ ਪਛਾਣ ਅਤੇ ਪਤਾ ਸਾਬਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਕੋਈ ਵਿਅਕਤੀ ਸਿਰਫ ਇੱਕ ਵਿਅਕਤੀ ਲਈ ਹੀ ਗਵਾਹੀ ਦੇ ਸਕਦਾ ਹੈ (ਲੌਂਗ-ਟਰਮ ਕਰਾਰ ਫ਼ੈਸਿਲਟੀਆਂ ਦੇ ਵਿੱਚ ਦਿਆਂ ਤੋਂ ਇਲਾਵਾ)।

# ਵੋਟਿੰਗ ਸਹਾਇਤਾ ਟੂਲ ਅਤੇ ਸੇਵਾਵਾਂ



**ਸਾਰੇ ਇਲੈਕਟਰਾਂ ਲਈ ਚੋਣਾਂ ਦੇ ਦਿਨ ਅਤੇ ਅਗਾਊਂ ਚੋਣਾਂ ਦੇ ਦਿਨਾਂ ਲਈ ਪੋਲਿੰਗ ਸਟੇਸ਼ਨ ਨਿਯਤ ਕੀਤੇ ਜਾਂਦੇ ਹਨ।** ਚੋਣਾਂ ਐਲਾਨ ਕੀਤੇ ਜਾਣ ਤੋਂ ਬਾਅਦ, ਹੇਠਾਂ ਦੁਆਰਾ ਇਹ ਯਕੀਨੀ ਬਣਾਓ ਕਿ ਤੁਹਾਡੇ ਨਿਯਤ ਕੀਤੇ ਪੋਲਿੰਗ ਸਟੇਸ਼ਨ ਤੁਹਾਡੀਆਂ ਪਹੁੰਚਣ-ਯੋਗਤਾ ਜ਼ਰੂਰਤਾਂ ਪੂਰੀਆਂ ਕਰਦੇ ਹਨ। ਇਹ ਪਤਾ ਲਗਾਉਣ ਲਈ ਕਿ ਇਹ ਕਿੰਨਾ ਪਹੁੰਚਯੋਗ ਹੈ:

- ਆਪਣਾ ਵੋਟਰ ਇੰਫਰਮੇਸ਼ਨ ਕਾਰਡ ਚੈਕ ਕਰੋ
- **www.elections.ca** ਤੇ ਜਾਓ ਅਤੇ ਆਪਣਾ ਪੋਸਟਲ ਕੋਡ ਵੋਟਰ ਇੰਫਰਮੇਸ਼ਨ ਸਰਵਿਸ ਬਾਕਸ ਵਿੱਚ ਦਰਜ ਕਰੋ, ਜਾਂ
- **1-800-463-6868** ਜਾਂ **1-800-361-8935 (TTY)** 'ਤੇ ਸਾਨੂੰ ਕਾਲ ਕਰੋ।

ਜੇ ਤੁਹਾਡੇ ਨਿਯਤ ਕੀਤੇ ਗਏ ਪੋਲਿੰਗ ਸਟੇਸ਼ਨਾਂ ਦੀ ਪਹੁੰਚਣਯੋਗਤਾ ਬਾਰੇ ਤੁਹਾਡੀਆਂ ਚਿੰਤਾਵਾਂ ਹਨ ਤਾਂ **1-800-463-6868** ਜਾਂ **1-800-361-8935 (TTY)** 'ਤੇ ਸਾਨੂੰ ਕਾਲ ਕਰੋ।

ਭਾਸ਼ਾ ਅਤੇ ਸਾਈਨ ਲੈਂਗਵੇਜ ਦੇ ਅਨੁਵਾਦ ਸਮੇਤ, ਪਹਿਲਾਂ ਤੋਂ ਹੀ ਵੋਟਿੰਗ ਵਿੱਚ ਮਦਦ ਲਈ ਬੇਨਤੀ ਕਰਨ ਵਾਸਤੇ, ਇਲੈਕਸ਼ਨਜ਼ ਕੈਨੇਡਾ ਆਫਿਸ ਨੂੰ ਚੋਣਾਂ ਦੇ ਦਿਨ ਤੋਂ ਪਹਿਲਾਂ ਮੰਗਲਵਾਰ ਸ਼ਾਮ 6 ਵਜੇ ਤੋਂ ਪਹਿਲਾਂ ਕਾਲ ਕਰੋ।

---

## ਚੋਣਾਂ ਦੇ ਦਿਨ ਨੂੰ ਵੋਟਿੰਗ ਸਹਾਇਤਾ ਸਾਧਨ ਅਤੇ ਸੇਵਾਵਾਂ:




**ਵੱਡੀ ਛਪਾਈ ਵਿੱਚ** ਉਮੀਦਵਾਰ ਦੇ ਨਾਮ ਵਾਲਾ **ਵੱਡਾ ਬੈਲਟ**



**ਭਾਸ਼ਾ ਅਤੇ ਸਾਈਨ ਲੈਂਗਵੇਜ ਦੇ ਅਨੁਵਾਦ** (ਅਤੇ ਹੋਰ ਸਹਾਇਤਾ **ਐਡਵਾਂਸ ਵਿੱਚ ਬੇਨਤੀ** ਕਰਨ 'ਤੇ)



ਉਮੀਦਵਾਰਾਂ ਦੀ **ਵੱਡੀ-ਛਪਾਈ** ਵਿੱਚ ਅਤੇ **ਬ੍ਰੇਲ** ਵਿੱਚ **ਸੂਚੀਆਂ**




**ਤੁਹਾਡੀ ਬੈਲਟ 'ਤੇ ਨਿਸ਼ਾਨ ਲਗਾਉਣ ਵਿੱਚ ਸਹਾਇਤਾ** (ਕਿਸੇ ਅਜਿਹੇ ਵਿਅਕਤੀ ਨੂੰ ਲਿਆਓ ਜਿਸ ਨੂੰ ਤੁਸੀਂ ਜਾਣਦੇ ਹੋ ਜਾਂ ਚੋਣ ਕਰਮਚਾਰੀ ਨੂੰ ਕਹੋ)



**ਸਪਰਸ਼ੀ ਅਤੇ ਬ੍ਰੇਲ ਵੋਟਿੰਗ ਟੈਮਪਲੇਟ**



**ਵੱਡੀ-ਗਰਿੱਪ ਵਾਲੀ ਪੈਂਸਿਲ** (ਸੀਮਤ ਮਾਤਰਾ) ਤੁਸੀਂ ਆਪਣਾ ਪੈਨ ਜਾਂ ਪੈਨਸਿਲ ਵੀ ਲਿਆ ਸਕਦੇ ਹੋ)



**ਮੈਗਨੀਫਾਇਰ (4x)**



**ਦਸਤਖਤ ਗਾਈਡ**

**ਨੋਟ:** ਉਮੀਦਵਾਰਾਂ ਦੀ ਬ੍ਰੇਲ ਸੂਚੀ ਸਿਰਫ ਚੋਣ ਵਾਲੇ ਦਿਨ ਹੀ ਉਪਲਬਧ ਹੁੰਦੀ ਹੈ। ਵੱਡੀ ਛਪਾਈ ਅਗੇਤੀ ਪੋਲਿੰਗ ਦੇ ਦਿਨਾਂ ਅਤੇ ਚੋਣ ਵਾਲੇ ਦਿਨ ਉਪਲਬਧ ਹੁੰਦੀ ਹੈ।